# ਜਾਪ ਤਾਪ ਦੇਵਉ ਸਭ ਨੇਮਾ

**ਆਸਾ ਮਹਲਾ ੫ ॥**

**ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥**

**ਪਾਨੀ ਪਖਾ ਕਰਉ ਤਜਿ ਅਭਿਮਾਨੁ॥ ਅਨਿਕ ਬਾਰ ਜਾਈਐ ਕੁਰਬਾਨੁ॥੧॥**

ਇਹ ਸ਼ਬਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦਾ, ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਇਸ ਦਾ ਭਾਵ ਸਮਝਣ ਲਈ ਪਹਿਲਾਂ 'ਰਹਾਉ' ਦੀਆਂ ਪੰਕਤੀਆਂ ਦੇ ਭਾਵ ਸਮਝਣ ਦੀ ਲੋੜ ਹੈ, ਕਿਉਂਕਿ ਬਾਕੀ ਸਾਰਾ ਸ਼ਬਦ ਰਹਾਉ ਦੀਆਂ ਪੰਕਤੀਆਂ ਦੇ ਦੁਆਲੇ ਹੀ ਘੁੰਮਦਾ ਹੈ।

-- ਜੋ ਪਰਵਾਨਤ ਭਗਤ ਹੈ, ਜਿਸ ਦੀ ਸੰਗਤ ਕਰਨ ਨਾਲ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ, ਅਜਿਹੇ ਭਗਤ, ਜਨ, ਸਾਧੂ ਦੀ ਅਨੇਕ ਤਰੀਕਿਆਂ ਨਾਲ ਸੇਵਾ ਕਰਨੀ ਬਣਦੀ ਹੈ ਅਤੇ ਆਪਣੀ ਜਿੰਦ, ਜਾਨ, ਆਪਣਾ ਧਨ ਉਸ ਨੂੰ ਅਰਪਣ ਕਰ ਦਈਏ।

ਪਾਤਸ਼ਾਹ ਦੇ ਬਚਨ ਹਨ ਕਿ 'ਹੇ ਸਖੀ ! ਆਉ ਰਲ ਕੇ ਸੰਤ ਦੀ ਸੇਵਾ ਕਰੀਏ, ਉਸ ਦਾ ਪੀਸਣ ਪੀਸੀਏ, ਆਪਣਾ ਆਪਾ ਤਿਆਗ ਕੇ ਉਸ ਦੇ ਚਰਣ ਪਖਾਰੀਏ, ਧੋਈਏ...- 'ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥ ਪੀਸਉ ਚਰਣ ਪਖਾਰਿ ਆਪੁ ਤਿਆਗੀਐ॥..', ਪੰਨਾ ੪੫੭. ਹੋਰ ਅਗੋਂ ਬਚਨ ਕਰਦੇ ਹਨ ਕਿ ਇਹ ਪ੍ਰਾਣ ਧਨ ਸਭ ਹਰੀ ਦੇ ਸੰਤ ਦਾ ਹੈ ਅਤੇ ਮੈਂ ਉਸ ਦਾ ਪਾਣੀ ਭਰਣ ਵਾਲਾ ਹਾਂ - 'ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ॥', ਪੰਨਾ ੭੪੫.

-- ਸਵੈਮਾਣ ਤਿਆਗ ਕੇ ਮੈਂ ਉਸ ਦਾ ਪਾਣੀ ਭਰਾਂ ਅਤੇ ਉਸ ਨੂੰ ਪੱਖਾ ਝਲਾਂ, ਭਾਵ ਸਰੀਰ ਕਰਕੇ ਹਰ ਪ੍ਰਕਾਰ, ਉਸ ਦੀ ਸੇਵਾ ਕਰਾਂ। ਅਤੇ ਹਰ ਤਰੀਕੇ ਨਾਲ ਉਸ ਤੋਂ ਕੁਰਬਾਨ ਹੋ ਜਾਵਾਂ।੧।

ਪੰਨਾ ੧੦੦ ਤੇ ਪੰਜਵੇਂ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਮੈਂ ਆਪਣਾ ਮਨ ਉਸ ਸੰਤ ਨੂੰ ਕੁਰਬਾਨ ਕਰ ਦਿਆਂ ਜਿਸ ਨੂੰ, ਹੇ ਪ੍ਰਭੂ ! ਤੂੰ ਪਰਵਾਨ ਕੀਤਾ ਹੈ ਅਤੇ ਜੋ ਤੈਨੂੰ ਭਾਉਂਦਾ ਹੈ - 'ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ॥ ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ॥' ਪੰਨਾਂ ੪੯ ਤੇ ਵੀ ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ

ਜਿਸ ਤੇ ਪ੍ਰਭੂ ਦੀ ਮਿਹਰ ਭਰੀ ਨਿਗਾਹ ਹੋ ਜਾਵੇ ਤੇ ਜਿਸ ਦੇ ਹਿਰਦੇ ਵਿਚ ਦਇਆਲੂ ਪ੍ਰਭੂ, ਪੁਰਖ, ਮਿਹਰਵਾਨ ਵਸਦਾ ਹੈ, ਇਹ ਸਰੀਰ, ਮਨ, ਧਨ ਸਭ ਉਸੇ ਦਾ ਹੈ, ਭਾਵ ਉਸ ਨੂੰ ਸੌਂਪ ਦਿਤਾ ਹੈ ਤੇ ਮੈਂ ਉਸ ਤੋਂ ਸਦਾ ਸਦਾ ਆਪਣੇ ਆਪ ਨੂੰ ਕੁਰਬਾਨ ਕਰਦਾ ਹਾਂ - 'ਦ੍ਰਿਸ਼ਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ।। ਜੀਉ ਪਿੰਡੁ ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ।।'

**ਸਾਈ ਸੁਹਾਗਣਿ ਜੋ ਪ੍ਰਭ ਭਾਈ।। ਤਿਸ ਕੈ ਸੰਗਿ ਮਿਲਉ ਮੇਰੀ ਮਾਈ।।੧।।ਰਹਾਉ।।**

-- ਸੁਹਾਗਣਿ ਸ਼ਬਦ ਦਾ ਆਮ ਅਰਥ ਹੁੰਦਾ ਹੈ ਉਹ ਵਿਆਹੁਤਾ ਇਸਤਰੀ ਜਿਸ ਦਾ ਪਤੀ ਨਾਲ ਮਿਲਾਪ ਹੋ ਗਿਆ ਹੋਵੇ। ਗੁਰਬਾਣੀ ਵਿਚ ਸੁਹਾਗਣਿ ਸ਼ਬਦ ਉਸ ਜੀਵ-ਇਸਤ੍ਰੀ ਲਈ ਵਰਤਿਆ ਗਿਆ ਹੈ ਜੋ ਭਗਤੀ ਕਰਦੇ ਹੋਇ ਪਰਮੇਸ਼ਰ ਨੂੰ ਭਾਅ ਗਈ ਤੇ ਪ੍ਰਭੂ/ਗੁਰੂ ਨੂੰ ਪ੍ਰਵਾਨ ਚੜ੍ਹ ਗਈ।

ਪਾਤਸ਼ਾਹ ਨੇ ਫ਼ੁਰਮਾਣ ਕੀਤਾ ਹੈ ਕਿ ਜਿਸ ਜੀਵ ਇਸਤਰੀ ਨੇ ਸਤ ਸੰਤੋਖ ਦਇਆ ਧਰਮ ਆਦਿ ਨੂੰ ਆਪਣਾ ਸ਼ਿੰਗਾਰ ਬਣਾਇਆ ਹੈ, ਉਹੀ ਸਫ਼ਲ ਸੁਹਾਗਣ, ਭਾਵ, ਪਰਵਾਨ ਚੜ੍ਹਣ ਜੋਗ ਹੈ, ਉਹ ਹੀ ਪ੍ਰਭੂ ਨੂੰ ਭਾਅ ਸਕਦੀ ਹੈ - 'ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ।। ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ।।', ਪੰਨਾ ੮੧੨.

-- ਇਨ੍ਹਾਂ ਪੰਕਤੀਆਂ ਵਿਚ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਉਹੀ ਸੁਹਾਗਣਿ, ਭਾਵ, ਪ੍ਰਵਾਨਤ ਭਗਤ ਹੈ ਜੋ ਪ੍ਰਭੂ ਨੂੰ ਭਾਅ ਗਿਆ, ਚੰਗਾ ਲਗ ਗਿਆ, ਪਰਵਾਣ ਚੜ੍ਹ ਗਿਆ। ਹੇ ਮੇਰੀ ਮਾਈ ! ਅਜਿਹੇ ਭਗਤ ਦੀ ਸੰਗਤ ਕਰਣ ਨਾਲ ਹੀ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ।੧।ਰਹਾਉ।

ਪਾਤਸ਼ਾਹ, ੪੦੦ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਨੂੰ ਹੀ ਸ਼ਿੰਗਾਰ ਦੀ ਸਮਝ ਹੈ ਚੱਜ ਹੈ, ਉਹ ਜਿਸ ਨੂੰ ਮਰਜ਼ੀ ਸੁੰਦਰ ਬਣਾ ਦਏ। ਉਹੀ ਅਸਲ ਸੁਹਾਗਣ ਹੈ ਜੋ ਕਰਤਾਰ ਨੂੰ ਭਾਅ ਗਈ - 'ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ।। ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ।।' ਇਸ ਦੇ ਨਾਲ ਇਹ ਵੀ ਫ਼ੁਰਮਾਣ ਹੈ ਕਿ ਭਰਤਾ, ਪਤੀ ਪ੍ਰਭੂ ਦੇ ਹਰ ਆਖੇ ਲਗਣਾ, ਉਸ ਦੇ ਹੁਕਮ ਵਿਚ ਚਲਣਾ ਹੀ ਅਸਲ ਸ਼ਿੰਗਾਰ ਹੈ - 'ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ।।' ਅਤੇ ਜੋ ਅਠੇ ਪਹਿਰ ਪ੍ਰਭੂ/ਗੁਰੂ ਦੀ

ਆਗਿਆ ਮੰਨਣ ਲਈ, ਭਾਈ ਲਹਿਣਾ ਜੀ ਵਾਂਙ, ਹਥ ਜੋੜ ਤੱਤਪਰ ਰਹੇ ਉਸੇ ਨੂੰ ਹੀ ਹਰਿ ਰਾਇ ਪ੍ਰਭੂ ਦੇ ਦੀਦਾਰ ਹੁੰਦੇ ਹਨ - 'ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ।।'

**ਦਾਸਨਿ ਦਾਸੀ ਕੀ ਪਨਿਹਾਰਿ।। ਉਨ੍ ਕੀ ਰੇਣੁ ਬਸੈ ਜੀਅ ਨਾਲਿ।।**

**ਮਾਥੈ ਭਾਗੁ ਤ ਪਾਵਉ ਸੰਗੁ।। ਮਿਲੈ ਸੁਆਮੀ ਅਪੁਨੈ ਰੰਗ।।੨।।**

-- ਮੈਂ ਵਾਹਿਗੁਰੂ ਦੇ ਅਜਿਹੇ ਦਾਸਾਂ ਦੇ ਦਾਸਾਂ ਦੀ ਵੀ ਪਾਣੀ ਭਰਨ ਵਾਲੀ ਹਾਂ, ਭਾਵ, ਨਿਜੀ ਸੇਵਾ ਕਰਨ ਵਾਲੀ ਹੈ ਭਾਵ, ਦਾਸੀ ਹਾਂ ਅਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਆਪਣੇ ਹਿਰਦੇ ਦੇ ਨਾਲ ਲਗਾ ਕੇ ਰਖਦੀ ਹਾਂ।

ਪੰਨਾ ੭੪੫ ਤੇ ਸ੍ਰੀ ਗੁਰੂ ਅਰਜਨ ਸਾਹਿਬ ਵੀ ਅਜਿਹਾ ਹੀ ਬਚਨ ਕਰਦੇ ਹਨ ਕਿ ਮੈਂ ਹਰੀ ਦੇ ਸੰਤ ਨੂੰ ਆਪਣੇ ਪ੍ਰਾਣ, ਧਨ ਸੌਂਪ ਦਿਆਂ ਤੇ ਉਸ ਦਾ ਪਾਣੀ ਭਰਾਂ - 'ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ।।' ਆਪਣੇ ਕੇਸਾਂ ਨਾਲ ਉਸ ਨੂੰ ਪੱਖਾ ਝੱਲਾਂ ਤੇ ਚੌਰ ਵੀ ਝੱਲਾਂ, ਆਪਣਾ ਸੀਸ ਉਸ ਦੇ ਚਰਣਾਂ ਤੇ ਰਖੀ ਰਖਾਂ, ਉਸ ਦੇ ਚਰਨਾਂ ਦੀ ਧੂੜ ਆਪਣੇ ਮੁਖ ਤੇ ਲਾਵਾਂ - 'ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।। ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ।।'

-- ਅਜਿਹੇ ਜਨ ਦੀ ਤਾਂ ਸੰਗਤ ਹੀ ਤਾਂ ਹੀ ਪ੍ਰਾਪਤ ਹੁੰਦੀ ਹੈ ਜੇ ਧੁਰੋਂ ਹੀ ਮੱਥੇ ਤੇ ਭਾਗ ਲਿਖੇ ਹੋਣ। ਉਨ੍ਹਾਂ ਦੇ ਮਿਲਣ ਨਾਲ ਪ੍ਰਭੂ ਸੁਆਮੀ ਵੀ ਆਪਣੇ ਪ੍ਰੇਮ-ਰੰਗ ਵਿਚ ਮਿਲ ਪੈਂਦੇ ਹਨ।੨।

ਸ੍ਰੀ ਗੁਰੂ ਅਰਜਨ ਸਾਹਿਬ, ੭੧੩ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸੰਤ ਦੀ ਸੇਵਾ ਟਹਿਲ, ਉਹੀ ਕਮਾ ਸਕਦਾ ਹੈ, ਉਸੇ ਨੂੰ ਮਿਲਦੀ ਹੈ, ਜਿਸ ਦੇ ਮਸਤੱਕ ਤੇ ਧੁਰ ਤੋਂ ਭਾਗ ਲਿਖਿਆ ਹੋਵੇ - 'ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ।।' ਪ੍ਰਭੂ ਦੇ ਦਾਸ, ਭਗਤ ਦੇ ਚਰਣਾਂ ਦੀ ਧੂੜ, ਉਹੀ ਬਣਿਆਂ, ਜਿਸ ਦੇ ਮਸਤੱਕ ਤੇ, ਧੁਰ ਤੋਂ ਹੀ, ਬਖ਼ਸ਼ਿਸ਼ ਨਾਲ, ਭਾਗ ਲਿਖੇ ਗਏ ਹੋਣ, ਹੋਰ ਕੋਈ ਦੂਜਾ ਨਹੀਂ ਹੋ ਸਕਦਾ - 'ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ।।', ਪੰਨਾ ੮੦੯ ਅਤੇ ਫ਼ਿਰ, ਪੰਨਾ ੯੫੯ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦੇ ਵਾਕ ਹਨ ਕਿ ਸੰਤ ਦੇ ਚਰਣਾਂ ਦੀ ਖ਼ਾਕ, ਉਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਮਥੇ ਤੇ, ਧੁਰ ਤੋਂ, ਭਾਗ ਲਿਖੇ ਗਏ ਹੁੰਦੇ ਹਨ - 'ਤਿਸ ਮਿਲੈ ਸੰਤ ਖਾਕ

ਮਸਤਕਿ ਜਿਸੈ ਭਾਗੁ।।' ਪਾਤਸ਼ਾਹ ਦੇ 'ਗਾਥਾ' ਬਾਣੀ ਵਿਚ ਬਚਨ ਹਨ ਕਿ ਸਾਧੂ ਦਾ ਸੰਗ ਉਸ ਨੂੰ ਲਭਦਾ ਹੈ ਜਿਸਦੇ ਮਸਤੱਕ ਤੇ ਲੇਖ ਲਿਖਿਆ ਹੋਵੇ - 'ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖਣ ।।'

**ਜਾਪ ਤਾਪ ਦੇਵਉ ਸਭ ਨੇਮਾ।। ਕਰਮ ਧਰਮ ਅਰਪਉ ਸਭ ਹੋਮਾ।।**

**ਗਰਬੁ ਮੋਹੁ ਤਜਿ ਹੋਵਉ ਰੇਨ।। ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ।।੩।।**

-- ਅਜਿਹੇ ਸੰਤ, ਜਨ ਦੀ ਸੰਗਤ, ਸੇਵਾ ਦੇ ਵੱਟੇ ਵਿਚ ਤਾਂ ਮੈਂ ਆਪਣੇ ਸਾਰੇ ਜਾਪ, ਤਪ, ਨੇਮ ਅਰਪਣ ਕਰ ਦਿਆਂ, ਆਪਣੇ ਸਾਰੇ ਚੰਗੇ ਮੰਦੇ ਕਰਮ ਵੀ ਅੱਗ ਵਿਚ ਪਾ ਦਿਆਂ,

ਸਾਧੂ ਦੀ ਸੰਗਤਿ ਦੇ ਤੁਲ ਕਿਸੇ ਕਿਸਮ ਦੇ ਨੇਮ, ਸੰਜਮ, ਵ੍ਰਤ ਆਦਿ ਕਿਸੇ ਕੰਮ ਦੇ ਨਹੀਂ, ਪ੍ਰਭੂ, ਸਾਧੂ ਦੀ ਸ਼ਰਣ ਵਿਚ ਹੀ ਤਾਂ ਵਸਦਾ ਹੈ - 'ਵਰਤ ਨੇਮ ਸੰਜਮ ਕਰਿ ਥਾਕੇ ਸਾਧ ਸਰਨਿ ਪ੍ਰਭ ਸੰਗਿ ਵਸੈ।।', ਪੰਨਾ ੪੦੮.

-- ਆਪਣਾ ਸ੍ਵੈ ਅਭਿਮਾਨ, ਮੋਹ ਆਦਿ ਤਿਆਗ ਕੇ ਉਸ ਦੇ ਚਰਣਾਂ ਦੀ ਧੂੜ ਬਣ ਜਾਵਾਂ, ਉਨ੍ਹਾਂ ਦੀ ਸੰਗਤ ਕਰਦੇ ਹੋਏ ਪ੍ਰਭੂ ਨੂੰ ਨੈਣਾਂ ਨਾਲ ਦੇਖ ਸਕਾਂਗੀ।੩।

ਮੈਨੂੰ ਕੋਈ ਐਸਾ ਜਨ ਮਿਲ ਪਏ ਜੋ ਮੈਨੂੰ ਪ੍ਰਭੂ ਨਾਲ ਮਿਲਾ ਦਏ ਅਤੇ ਜਨਮ ਮਰਣ ਦੇ ਬੰਧਨ ਤੋਂ ਛਡਾ ਲਏ, ਮੇਰੇ ਹਿਰਦੇ ਵਿਚ ਨਾਮ ਪਿਰੋ ਦਏ, ਮੈਂ ਅਜਿਹੇ ਮਿਤਰ ਨੂੰ ਆਪਣੀ ਸਾਰੀ ਧਨ ਦੌਲਤ, ਸਮਗ੍ਰੀ, ਆਪਣਾ ਮਨ, ਆਪਣੀ ਜਾਨ, ਆਪਣਾ ਚਿਤ, ਸਭ ਕੁਝ ਅਰਪਣ ਕਰ ਦਿਆਂ - 'ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ।।..ਹੈ ਕੋਊ ਐਸੋ ਹਮਰਾ ਮੀਤੁ।। ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ।।', ਪੰਨਾ ੬੭੪. ਕੋਈ ਪ੍ਰਭੂ ਦਾ ਪਿਆਰਾ ਜਨ, ਮੈਨੂੰ ਹਰੀ ਨਾਲ ਮਿਲਾ ਦਏ, ਮੈਂ ਉਸ ਦੇ ਚਰਣ ਪਕੜ ਲਵਾਂ, ਉਸ ਦੇ ਨਾਲ ਉਸ ਨੂੰ ਭਾਉਣ ਵਾਲੀਆਂ ਮਿਠੀਆਂ ਮਿਠੀਆਂ ਗਲਾਂ ਕਰਾਂ ਅਤੇ ਆਪਣੇ ਪ੍ਰਾਣ ਵੀ ਉਸ ਦੀ ਭੇਟਾ ਕਰ ਦਿਆਂ - 'ਕੋਈ ਜਨੁ ਹਰਿ ਸਿਉ ਦੇਵੈ ਜੋਰਿ।। ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।।', ਪੰਨਾ ੭੦੧.

**ਨਿਮਖ ਨਿਮਖ ਏਹੀ ਆਰਾਧਉ।। ਦਿਨਸੁ ਰੈਣਿ ਏਹ ਸੇਵਾ ਸਾਧਉ।।**

ਭਏ ਕ੍ਰਿਪਾਲ ਗੁਪਾਲ ਗੋਬਿੰਦ।। ਸਾਧ ਸੰਗਿ ਨਾਨਕ ਬਖਸਿੰਦ।।੪।।੩੩।।

-- ਮੈਂ ਹਰ ਵਕਤ ਇਹੀ ਅਰਦਾਸ ਕਰਦੀ ਹਾਂ ਕਿ ਦਿਨ ਰਾਤ ਮੈਨੂੰ ਸਾਧੂ ਦੀ, ਉਪਰ ਦਸੀ ਸਾਰੀ, ਸੇਵਾ ਘਾਲਣਾ ਮਿਲੀ ਰਹੇ।

ਪਾਤਸ਼ਾਹ, ਬੇਨਤੀ ਰੂਪ ਵਿਚ ਉਪਦੇਸ਼ ਕਰਦੇ ਹਨ ਕਿ ਅਜਿਹਾ ਸਾਧੂ ਜੋ ਮੈਨੂੰ ਮੇਰੇ ਪ੍ਰੀਤਮ ਦਾ ਦੇਸ ਦਸ ਦਏ, ਮੈਂ ਆਪਣਾ ਹਿਰਦਾ, ਆਪਣਾ ਤਨ ਮਨ ਸਭ ਕੁਝ ਉਸ ਨੂੰ ਅਰਪ ਦਿਆਂ, ਆਪਣਾ ਸੀਸ ਉਸਦੇ ਚਰਣਾਂ ਤੇ ਰਖ ਦਿਆਂ - 'ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ।। ਹੀਂਉ ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ।।', ਪੰਨਾ ੧੨੦੪.

-- ਪ੍ਰਭੂ ਗੋਪਾਲ ਗੋਬਿੰਦ ਉਨ੍ਹਾਂ ਤੇ ਕਿਰਪਾਲ ਹੋ ਜਾਂਦੇ ਹਨ ਜੋ ਇੰਵ ਸਾਧੂ ਸੰਗਤ ਕਰਦੇ ਹਨ।੪।੩੩।੮੪।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੮੧ ਤੇ ਫ਼ੁਰਮਾਣ ਕਰਦੇ ਹਨ ਕਿ ਜਦੋਂ ਮੈਂ ਮੰਨ ਲਿਆ ਕਿ ਸਾਧੂ ਸੰਗਤਿ ਵਿਚ ਹੀ ਸਭ ਖ਼ਜ਼ਾਨੇ ਹਨ ਤਾਂ ਗੋਪਾਲ ਪ੍ਰਭੂ ਵੀ ਮੇਰੇ ਤਾ ਕਿਰਪਾਲੂ ਹੋ ਗਏ - 'ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧ ਸੰਗਤਿ ਨਿਧਿ ਮਾਨਿਆ।।' ਹੋਰ ਬਚਨ ਕਰਦੇ ਹਨ ਕਿ ਸਾਧੂ ਦੇ ਕਿਰਪਾ ਕਰਣ ਨਾਲ, ਪ੍ਰਭੂ ਨੇ ਵੀ ਕਿਰਪਾ ਕਰ ਦਿਤੀ ਅਤੇ ਆਪੇ ਸਹਾਈ ਹੋ ਗਿਆ - 'ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪ ਸਹਾਇ।।'



22.9.2020